# Punjab Government Gazette

## EXTRAORDINARY

***Published by Authority***

CHANDIGARH, THURSDAY, AUGUST 6, 2026
(SRAVANA 15, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਪੰਜਾਬ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਅਰਜਤਕਰਨ) ਅਤੇ ਫੁਟਕਲ ਉਪਬੰਧ ਐਕਟ, 1978 (1978 ਦਾ ਪੰਜਾਬ ਐਕਟ ਨੰ. 32) | ...837-846 |
| | 2. ਪੰਜਾਬ ਧਾਰਮਿਕ ਸਥਾਨ ਅਤੇ ਭੋਂ (ਖ਼ਾਲੀ ਕਰਨ ਅਤੇ ਕਿਰਾਇਆ ਵਸੂਲੀ) ਐਕਟ, 1997 (1998 ਦਾ ਪੰਜਾਬ ਐਕਟ ਨੰ. 4) | ...847-853 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 6 ਅਗਸਤ, 2026

**ਨੰ.58/ਭ:ਕ/2026.–** ਪੰਜਾਬ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਅਰਜਤਕਰਨ) ਅਤੇ ਫੁਟਕਲ ਉਪਬੰਧ ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 6th August, 2026

**No.58/L.C./2026.-** The Translation in Punjabi of the Punjab Guru Gobind Singh Medical College, Faridkot (Acquisition) and Miscellaneous Provisions Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

**ਪੰਜਾਬ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਅਰਜਤਕਰਨ) ਅਤੇ ਫੁਟਕਲ ਉਪਬੰਧ ਐਕਟ, 1978**

(1978 ਦਾ ਪੰਜਾਬ ਐਕਟ ਨੰ: 32)

ਜਨਤਕ ਹਿੱਤ ਵਿੱਚ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦੀ ਉਚਿਤ ਕਾਰਜਕਾਰਤਾ ਨੂੰ ਸੁਨਿਸ਼ਚਿਤ ਕਰਨ ਦੀ ਦ੍ਰਿਸ਼ਟੀ ਨਾਲ, ਉਸ ਕਾਲਜ ਦੇ ਅਰਜਤਕਰਨ ਲਈ ਅਤੇ ਇਸ ਤਰ੍ਹਾਂ ਡਾਕਟਰੀ ਸਿੱਖਿਆ ਲਈ ਅਤੇ ਇਸ ਨਾਲ ਸਬੰਧਤ ਅਤੇ ਅਨੁਸੰਗਕ ਮਾਮਲਿਆਂ ਲਈ ਬਿਹਤਰ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਉਪਬੰਧ ਕਰਨ ਲਈ ਇੱਕ ਐਕਟ।

ਕਿਉਂਜੋ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਬਾਰੇ ਵਿੱਚ ਟਰੱਸਟ ਨੂੰ ਸਿਰਫ਼ ਇੱਕ ਹਜਾਰ ਇੱਕ ਸੌ ਰੁਪਏ ਦੇ ਦਾਨ ਨਾਲ ਅੱਗੇ ਵਧਾਇਆ ਗਿਆ ਸੀ ਅਤੇ ਉਕਤ ਕਾਲਜ ਨਾਲ ਸਬੰਧਤ ਧਨ–ਧਾਮ ਰਾਜ ਸਰਕਾਰ ਅਤੇ ਹੋਰ ਜਨਤਕ ਫ਼ੰਡਾਂ ਦੁਆਰਾ ਦਿੱਤੀਆਂ ਗਈਆਂ ਗ੍ਰਾਂਟਾਂ ਤੋਂ ਵਧੇ ਹਨ;

ਅਤੇ ਕਿਉਂਜੋ ਉਕਤ ਕਾਲਜ ਉਚਿਤ ਤੌਰ ਤੇ ਕਾਰਜਕਾਰਤਾ ਨਹੀਂ ਕਰ ਰਿਹਾ ਅਤੇ ਪਰਿਣਾਮ ਵਜੋਂ ਰਾਜ ਸਰਕਾਰ ਦੁਆਰਾ ਉਕਤ ਕਾਲਜ ਨੂੰ ਦਿੱਤੀਆਂ ਗਈਆਂ ਗ੍ਰਾਂਟਾਂ ਦਾ ਪ੍ਰਯੋਜਨ ਨਿਸਫ਼ਲ ਹੋ ਚੁੱਕਾ ਹੈ ਅਤੇ ਰਾਜ, ਉਸ ਹੱਦ ਤੱਕ, ਡਾਕਟਰੀ ਸਿੱਖਿਆ ਲਈ ਸਹੂਲਤਾਂ ਤੋਂ ਵਾਂਝਿਆਂ ਰੱਖਿਆ ਗਿਆ;

ਅਤੇ ਕਿਉਂਜੋ ਉਸ ਕਾਲਜ ਦੀ ਉਚਿਤ ਕਾਰਜਕਾਰਤਾ ਨੂੰ ਸੁਨਿਸ਼ਚਿਤ ਕਰਨ ਦੀ ਦ੍ਰਿਸ਼ਟੀ ਨਾਲ ਅਤੇ ਇਸ ਤਰ੍ਹਾਂ ਡਾਕਟਰੀ ਸਿੱਖਿਆ ਲਈ ਬਿਹਤਰ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਜਨਤਕ ਹਿੱਤ ਵਿੱਚ ਉਕਤ ਕਾਲਜ ਦੇ ਅਰਜਤਕਰਨ ਲਈ ਉਪਬੰਧ ਕਰਨਾ ਜ਼ਰੂਰੀ ਹੈ;

ਭਾਰਤ ਗਣਰਾਜ ਦੇ ਉਨੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

## ਆਧਿਆਏ I

## ਪ੍ਰਾਰੰਭਕ

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਅਰਜਤਕਰਨ) ਅਤੇ ਫੁਟਕਲ ਉਪਬੰਧ ਐਕਟ, 1978 ਕਿਹਾ ਜਾ ਸਕੇਗਾ।

(2) ਇਹ 14 ਜੁਲਾਈ, 1978 ਨੂੰ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਨਿਯਤ ਦਿਨ" ਦਾ ਮਤਲਬ ਹੈ ਉਹ ਤਰੀਕ ਜਿਸ ਨੂੰ ਇਹ ਐਕਟ ਨਾਫ਼ਜ਼ ਹੁੰਦਾ ਹੈ;

(ਅ) "ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ" ਦਾ ਮਤਲਬ ਹੈ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਵਜੋਂ ਇਸ ਨਾਲ ਜੁੜੀਆਂ ਅਤੇ ਇਸ ਦੇ ਤੱਲਕ ਵਿੱਚ ਵਰਤੀਆਂ ਜਾਣ ਵਾਲੀਆਂ ਡਿਸਪੈਂਸਰੀਆਂ ਸਮੇਤ ਜਾਣੀ ਜਾਂਦੀ ਸੰਸਥਾ ਅਤੇ ਇਸ ਵਿੱਚ ਉਕਤ ਕਾਲਜ ਦੇ ਸਬੰਧ ਵਿੱਚ ਜਾਂ ਇਸ ਦੇ ਸਹਾਇਕ ਸਮਾਨ ਵਜੋਂ ਜਾਂ ਜੋੜੀ ਵਸਤ ਵਜੋਂ ਵਰਤੇ ਜਾਂਦੇ ਸਾਰੇ ਲੈਕਚਰ-ਰੂਮ, ਅਜਾਇਬ ਘਰ, ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਹੋਸਟਲ ਅਤੇ ਬੋਰਡਿੰਗ-ਹਾਊਸ ਸ਼ਾਮਲ ਹਨ;

(ੲ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਸ) "ਟਰੱਸਟ" ਦਾ ਮਤਲਬ ਹੈ ਗੁਰੂ ਗੋਬਿੰਦ ਸਿੰਘ ਸਿੱਖਿਅਕ ਟਰੱਸਟ;

(ਹ) "ਟਰੱਸਟ ਵਸੀਕਾ" ਦਾ ਮਤਲਬ ਹੈ ਗੁਰੂ ਗੋਬਿੰਦ ਸਿੰਘ ਸਿੱਖਿਅਕ ਟਰੱਸਟ ਸਿਰਜਣ ਲਈ 21 ਮਈ, 1973 ਨੂੰ ਤਕਮੀਲ ਕੀਤਾ ਗਿਆ ਅਤੇ 22 ਮਈ, 1973 ਨੂੰ ਸਬ-ਰਜਿਸਟਰਾਰ, ਖਰੜ ਦੇ ਦਫ਼ਤਰ ਵਿੱਚ ਰਜਿਸਟਰਸੁਦਾ ਕੀਤਾ ਗਿਆ ਟਰੱਸਟ ਵਸੀਕਾ;

(ਕ) "ਟਰੱਸਟੀ" ਦਾ ਮਤਲਬ ਹੈ, ਤੱਤਸਮੇਂ ਲਈ ਗੁਰੂ ਗੋਬਿੰਦ ਸਿੰਘ ਸਿੱਖਿਅਕ ਟਰੱਸਟ ਦੇ ਟਰੱਸਟੀ।

## ਅਧਿਆਏ II

## ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾ ਅਰਜਤਕਰਨ

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ ਦਾ ਰਾਜ ਸਰਕਾਰ ਵਿੱਚ ਨਿਹਿਤ ਹੋਣਾ।

3. (1) ਨਿਯਤ ਦਿਨ ਤੇ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਸਮੇਤ–

(ੳ) ਉਹ ਸਾਰੀ ਭੋਂ, ਜਿਨ੍ਹਾਂ ਉੱਤੇ ਉਕਤ ਕਾਲਜ ਸਥਿਤ ਹੈ, ਅਤੇ ਉਸ ਨਾਲ ਲੱਗਦੀ ਹੋਰ ਸਾਰੀ ਭੋਂ ਅਤੇ ਅਜਿਹੀ ਭੋਂ ਤੇ ਸਾਰੀਆਂ ਇਮਾਰਤਾਂ, ਉਸਾਰੀਆਂ ਅਤੇ ਸਥਿਰ ਵਸਤੂਆਂ;

(ਅ) ਉਕਤ ਕਾਲਜ ਦਾ ਸਾਰਾ ਫਰਨੀਚਰ, ਸਾਜ਼-ਸਮਾਨ, ਸਟੋਰ, ਉਪਕਰਣ ਅਤੇ ਦਫ਼ਤਰੀ ਸਮਾਨ, ਭੇਖਜ਼, ਧਨ ਅਤੇ ਹੋਰ ਧਨ-ਧਾਮ;

(ੲ) ਚੁੱਕਵੀਂ ਅਤੇ ਅਚੁੱਕਵੀਂ ਸਾਰੀਆਂ ਹੋਰ ਸੰਪੱਤੀਆਂ ਅਤੇ ਧਨ-ਧਾਮ ਸਮੇਤ ਉਕਤ ਕਾਲਜ ਨਾਲ ਸਬੰਧਤ ਪਟੇ ਅਤੇ ਸਾਰੇ ਅਧਿਕਾਰ, ਸ਼ਕਤੀਆਂ, ਅਥਾਰਟੀਆਂ ਅਤੇ ਵਿਸ਼ੇਸ਼ ਅਧਿਕਾਰ, ਨਕਦ ਬਕਾਏ, ਰਿਜ਼ਰਵ ਫ਼ੰਡ, ਨਿਵੇਸ਼ ਅਤੇ ਅਜਿਹੀ ਸੰਪੱਤੀ ਵਿੱਚ, ਜਾਂ ਇਸ ਦੇ ਸਬੰਧ ਵਿੱਚ, ਜਾਂ ਇਸ ਤੋਂ ਪੈਦਾ ਹੋਣ ਵਾਲੇ ਹੋਰ ਸਾਰੇ ਅਧਿਕਾਰ ਅਤੇ ਹਿੱਤ ਜੋ, ਨਿਯਤ ਦਿਨ ਤੋਂ ਤੁਰੰਤ ਪਹਿਲਾਂ, ਟਰੱਸਟ ਵਸੀਕੇ ਅਧੀਨ ਗਠਤ ਟਰੱਸਟ ਜਾਂ ਉਸ ਦੇ ਟਰੱਸਟੀਆਂ ਜਾਂ ਉਕਤ ਕਾਲਜ ਦੇ ਕਾਰ-ਵਿਹਾਰਾਂ ਦੇ ਪ੍ਰਬੰਧਨ ਦੇ ਇੰਚਾਰਜ, ਕਿਸੇ ਹੋਰ ਵਿਅਕਤੀ ਦੀ ਮਲਕੀਅਤ, ਕਬਜ਼ੇ, ਸ਼ਕਤੀ ਜਾਂ ਕੰਟਰੋਲ ਵਿੱਚ ਸਨ; ਅਤੇ

(ਸ) ਉਕਤ ਕਾਲਜ ਦੁਆਰਾ ਲਏ ਗਏ ਜਾਂ ਇਸ ਦੇ ਨਮਿੱਤ ਸਾਰੇ ਉਧਾਰ ਅਤੇ ਕਿਸੇ ਵੀ ਕਿਸਮ ਦੀਆਂ ਹੋਰ ਸਾਰੀਆਂ ਦੇਣਦਾਰੀਆਂ ਅਤੇ ਬਾਂਧਾਂ ਜੋ ਨਿਯਤ ਦਿਨ ਤੇ ਹੋਂਦ ਵਿੱਚ ਹਨ;

ਰਾਜ ਸਰਕਾਰ ਵਿੱਚ ਇੰਤਕਾਲ ਹੋ ਜਾਣਗੀਆਂ ਅਤੇ ਪੂਰਨ ਤੌਰ ਤੇ ਉਸ ਵਿੱਚ ਨਿਹਿਤ ਹੋਣਗੀਆਂ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੀਆਂ ਗਈਆਂ ਸਾਰੀਆਂ ਜਾਂ ਕਿਸੇ ਵੀ ਸੰਪੱਤੀਆਂ, ਅਤੇ ਧਨ-ਧਾਮਾਂ ਦੇ ਸਬੰਧ ਵਿੱਚ ਹਰੇਕ ਤੋਹਫ਼ਾ ਵਸੀਕਾ, ਇੰਡੋਮੈਂਟ, ਵਸੀਅਤ ਜਾਂ ਟਰੱਸਟ ਜਾਂ ਹੋਰ ਦਸਤਾਵੇਜ਼ ਦਾ ਨਿਯਤ ਦਿਨ ਤੋਂ, ਇਸ ਤਰ੍ਹਾਂ ਅਰਥ ਕੱਢਿਆ ਜਾਵੇਗਾ ਜਿਵੇਂ ਇਹ ਰਾਜ ਸਰਕਾਰ ਦੇ ਹੱਕ ਵਿੱਚ ਬਣਾਇਆ ਗਿਆ ਜਾਂ ਤਕਮੀਲ ਕੀਤਾ ਗਿਆ ਹੋਵੇ।

(3) ਇਸ ਐਕਟ ਵਿੱਚ ਦਰਜ ਹੋਰ ਉਪਬੰਧਾਂ ਦੇ ਤਾਬੇ, ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਕੋਈ ਸੰਪੱਤੀ, ਜੋ ਉਸ ਉਪ-ਧਾਰਾ ਦੇ ਉਪਬੰਧਾਂ ਦੇ ਆਧਾਰ ਤੇ,

ਰਾਜ ਸਰਕਾਰ ਵਿੱਚ ਨਿਹਿਤ ਹੋ ਚੁੱਕੀ ਹੈ, ਅਜਿਹੀ ਨਿਹਿਤਤਾ ਦੇ ਬਲ ਪੂਰਬਕ ਹੀ, ਕਿਸੇ ਵੀ ਟਰੱਸਟ, ਬਾਂਧ, ਰਹਿਣ, ਚਾਰਜ, ਧਾਰਨ-ਅਧਿਕਾਰ, ਅਤੇ ਇਸ ਨੂੰ ਪ੍ਰਭਾਵਤ ਕਰਨ ਵਾਲੇ ਹੋਰ ਪ੍ਰਭਾਰਾਂ ਤੋਂ ਸੁਤੰਤਰ ਅਤੇ ਮੁਕਤ ਹੋ ਜਾਵੇਗੀ, ਅਤੇ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਦੀ ਕੋਈ ਵੀ ਕੁਰਕੀ, ਮਨਾਹੀ ਹੁਕਮ ਜਾਂ ਕੋਈ ਵੀ ਡਿਗਰੀ ਜਾਂ ਹੁਕਮ ਜੋ ਅਜਿਹੀ ਸੰਪੱਤੀ ਦੀ ਵਰਤੋਂ ਨੂੰ ਕਿਸੇ ਵੀ ਤਰੀਕੇ ਨਾਲ ਸੀਮਤ ਕਰਦਾ ਹੋਵੇ, ਨੂੰ ਵਾਪਸ ਲੈ ਲਿਆ ਗਿਆ ਸਮਝਿਆ ਜਾਵੇਗਾ।

(4) ਇਸ ਐਕਟ ਵਿੱਚ ਦਰਜ ਹੋਰ ਉਪਬੰਧਾਂ ਦੇ ਤਾਬੇ, ਉਕਤ ਕਾਲਜ ਦੇ ਸਬੰਧ ਵਿੱਚ, ਟਰੱਸਟੀਆਂ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਜਾਂ ਉਹਨਾਂ ਵਿਰੁੱਧ ਨਿਯਤ ਦਿਨ ਤੋਂ ਤੁਰੰਤ ਪਹਿਲਾਂ ਲੰਬਿਤ ਜਾਂ ਮੌਜੂਦ ਕੋਈ ਕਾਰਵਾਈ ਜਾਂ ਦਾਵੇ ਦਾ ਕਾਰਨ, ਨਿਯਤ ਦਿਨ ਤੋਂ ਲੈ ਕੇ, ਰਾਜ ਸਰਕਾਰ ਦੁਆਰਾ ਜਾਂ ਉਸ ਦੇ ਵਿਰੁੱਧ ਜਾਰੀ ਅਤੇ ਨਾਫ਼ਜ਼ ਰਹੇਗੀ, ਜਿਵੇਂ ਕਿ ਇਹ ਟਰੱਸਟੀਆਂ ਜਾਂ ਅਜਿਹੇ ਹੋਰ ਵਿਅਕਤੀ ਦੁਆਰਾ ਜਾਂ ਉਹਨਾਂ ਦੇ ਵਿਰੁੱਧ ਲਾਗੂ ਕੀਤਾ ਜਾ ਸਕਦਾ ਸੀ ਜੇ ਇਹ ਐਕਟ ਬਣਾਇਆ ਨਾ ਗਿਆ ਹੁੰਦਾ, ਅਤੇ ਟਰੱਸਟੀਆਂ ਜਾਂ ਅਜਿਹੇ ਹੋਰ ਵਿਅਕਤੀ ਦੁਆਰਾ ਜਾਂ ਉਸ ਦੇ ਵਿਰੁੱਧ ਨਾਫ਼ਜ਼ ਕਰਨ ਯੋਗ ਨਹੀਂ ਰਹੇਗੀ।

ਰਕਮ ਦੀ ਅਦਾਇਗੀ।

4. (1) ਰਾਜ ਸਰਕਾਰ, ਧਾਰਾ 3 ਅਧੀਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਰਾਜ ਸਰਕਾਰ ਨੂੰ ਇੰਤਕਾਲ ਕਰਨ ਅਤੇ ਨਿਹਿਤ ਕਰਨ ਲਈ, ਟਰੱਸਟੀਆਂ ਨੂੰ ਨਕਦ ਰੂਪ ਵਿੱਚ ਗਿਆਰਾਂ ਹਜਾਰ ਰੁਪਏ ਦੇ ਬਰਾਬਰ ਦੀ ਰਕਮ ਅਦਾ ਕਰੇਗੀ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਰਕਮ, ਨਿਯਤ ਦਿਨ ਤੋਂ ਤਿੰਨ ਮਹੀਨਿਆਂ ਦੇ ਅੰਦਰ ਅਦਾ ਕੀਤੀ ਜਾਵੇਗੀ (ਇਸ ਧਾਰਾ ਵਿੱਚ ਇਸ ਤੋਂ ਪਿੱਛੋਂ ਉਲਿਖਤ ਮੁੱਦਤ ਵਜੋਂ ਹਵਾਲਾ ਕੀਤਾ ਜਾਂਦਾ ਹੈ)।

(3) ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਰਕਮ, ਜੇ ਉਲਿਖਤ ਮੁੱਦਤ ਦੇ ਅੰਦਰ ਅਦਾ ਨਹੀਂ ਕੀਤੀ ਜਾਂਦੀ, ਤਾਂ ਉਲਿਖਤ ਮੁੱਦਤ ਦੇ ਗੁਜ਼ਰਣ ਦੀ ਤਰੀਕ ਤੋਂ ਲੈ ਕੇ ਉਸ ਦੀ ਅਦਾਇਗੀ ਦੀ ਤਰੀਕ ਤੱਕ ਚਾਰ ਪ੍ਰਤੀਸ਼ਤ ਪ੍ਰਤੀ ਸਲਾਨਾ ਦੀ ਦਰ ਤੇ ਵਿਆਜ਼ ਲੱਗੇਗਾ।

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦਾ ਸਰਕਾਰੀ ਸੰਸਥਾ ਵਜੋਂ ਪ੍ਰਸ਼ਾਸਤ ਕੀਤਾ ਜਾਣਾ।

5. ਨਿਯਤ ਦਿਨ ਤੇ ਅਤੇ ਤੋਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਰਾਜ ਸਰਕਾਰ ਦੁਆਰਾ ਸਰਕਾਰੀ ਸੰਸਥਾ ਵਜੋਂ ਪ੍ਰਸ਼ਾਸਤ ਕੀਤਾ ਜਾਵੇਗਾ।

ਟਰੱਸਟੀਆਂ ਦੁਆਰਾ ਉਠਾਏ ਗਏ ਟਰੱਸਟ ਆਦਿ ਦੇ ਭੰਗ ਕਰਨ ਲਈ ਉਤਰਦਾਇਤਾਵਾਂ ਪ੍ਰਭਾਵਤ ਨਾ ਹੋਣਾ।

6. ਸ਼ੱਕ ਦੂਰ ਕਰਨ ਲਈ, ਇਸ ਦੁਆਰਾ ਇਹ ਐਲਾਨ ਕੀਤਾ ਜਾਂਦਾ ਹੈ ਕਿ ਇਸ ਐਕਟ ਵਿੱਚ ਕੋਈ ਗੱਲ ਟਰੱਸਟੀਆਂ ਜਾਂ ਕਿਸੇ ਵੀ ਟਰੱਸਟੀ ਦੁਆਰਾ ਨਿਯਤ ਦਿਨ ਤੋਂ ਪਹਿਲਾਂ ਕਿਸੇ ਵੀ ਸਮੇਂ ਉਨ੍ਹਾਂ ਦੁਆਰਾ ਜਾਂ ਉਸ ਵੱਲੋਂ ਕੀਤੀ ਗਈ ਜਾਂ ਕੀਤੇ ਜਾਣੇ ਛੱਡ ਦਿੱਤੀ ਗਈ ਕੋਈ ਵੀ ਗੱਲ ਦੇ ਬਾਰੇ ਵਿੱਚ ਉਨ੍ਹਾਂ ਵੱਲੋਂ ਉਠਾਈ ਗਈ ਕਿਸੇ ਦੇਣਦਾਰੀ ਨੂੰ ਵਿਸ਼ਵਾਸ ਭੰਗ ਵਜੋਂ ਜਾਂ ਕਿਸੇ ਅਪਰਾਧ ਦੇ ਬਾਰੇ ਵਿੱਚ ਕਿਸੇ ਡੰਨ ਜਾਂ ਸਜ਼ਾ ਵਜੋਂ ਪ੍ਰਭਾਵਤ ਕਰਨ ਵਾਲੀ ਨਹੀਂ ਸਮਝਿਆ ਜਾਵੇਗਾ।

## ਅਧਿਆਏ III

### ਫੁਟਕਲ

ਐਕਟ ਦਾ ਸਾਰੇ ਇਨੈਕਟਮੈਂਟਾਂ ਤੇ ਪਰਮ ਪ੍ਰਭਾਵੀ

7. ਇਸ ਐਕਟ ਦੇ ਉਪਬੰਧ, ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਜਾਂ ਇਸ ਐਕਟ ਤੋਂ ਇਲਾਵਾ ਕਿਸੇ ਕਾਨੂੰਨ ਦੇ ਆਧਾਰ ਤੇ ਪ੍ਰਭਾਵੀ ਕਿਸੇ ਲਿਖਤ ਜਾਂ ਕਿਸੇ ਅਦਾਲਤ, ਟ੍ਰਿਬਿਊਨਲ ਜਾਂ ਅਥਾਰਟੀ ਦੀ ਕੋਈ ਡਿਗਰੀ ਜਾਂ ਹੁਕਮ ਵਿੱਚ ਕਿਸੇ ਅਸੰਗਤ ਗੱਲ ਦੇ ਦਰਜ ਹੁੰਦਿਆਂ ਹੋਇਆਂ ਵੀ, ਪ੍ਰਭਾਵੀ ਹੋਣਗੇ।

ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਨਾਲ ਸਬੰਧਤ ਉਪਬੰਧ।

8. (1) ਹਰੇਕ ਅਧਿਕਾਰੀ ਅਤੇ ਹੋਰ ਕਰਮਚਾਰੀ, ਜੋ, ਨਿਯਤ ਦਿਨ ਤੋਂ ਤੁਰੰਤ ਪਹਿਲਾਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ, ਜਾਂ ਇਸ ਦੇ ਕਾਰ-ਵਿਹਾਰਾਂ ਦੇ ਸਬੰਧ ਵਿੱਚ ਨਿਯੋਜਤ ਹੈ, ਨਿਯਤ ਦਿਨ ਤੋਂ ਰਾਜ ਸਰਕਾਰ ਦਾ ਅਧਿਕਾਰੀ ਜਾਂ ਹੋਰ ਕਰਮਚਾਰੀ, ਜਿਹੀ ਕਿ ਸੂਰਤ ਹੋਵੇ, ਬਣ ਜਾਵੇਗਾ ਅਤੇ ਉਸ ਅਉਧ ਦਾ, ਉਸ ਮਿਹਤਨਾਮੇ ਤੇ ਅਤੇ ਉਸੇ ਨਿਬੰਧਨਾਂ ਅਤੇ ਸ਼ਰਤਾਂ ਤੇ ਅਤੇ ਪੈਨਸ਼ਨ, ਗ੍ਰੈਚੁਇਟੀ ਅਤੇ ਹੋਰ ਮਾਮਲਿਆਂ ਬਾਬਤ ਉਹੀ ਅਧਿਕਾਰਾਂ ਅਤੇ ਵਿਸ਼ੇਸ਼ ਅਧਿਕਾਰਾਂ ਨਾਲ ਆਪਣਾ ਅਹੁਦਾ ਧਾਰਨ ਕਰੇਗਾ, ਜੋ ਉਸ ਨੂੰ ਮਿਲਣੇ ਸਨ ਜੇ ਇਹ ਐਕਟ ਨਾ ਬਣਾਇਆ ਹੁੰਦਾ, ਅਤੇ ਅਜਿਹਾ ਕਰਨਾ ਜਾਰੀ ਰੱਖੇਗਾ ਜੇਕਰ ਅਤੇ ਜਦੋਂ ਤੱਕ ਰਾਜ ਸਰਕਾਰ ਅਧੀਨ ਉਸ ਦੀ ਨੌਕਰੀ ਨੂੰ ਠੀਕ ਤੌਰ ਤੇ ਖਤਮ ਨਹੀਂ ਕੀਤਾ ਜਾਂਦਾ ਜਾਂ ਜਦੋਂ ਤੱਕ ਉਸ ਦੇ ਮਿਹਨਤਾਨੇ, ਨਿਬੰਧਨ ਅਤੇ ਸ਼ਰਤਾਂ ਨੂੰ ਰਾਜ ਸਰਕਾਰ ਦੁਆਰਾ ਠੀਕ ਤੌਰ ਤੇ ਬਦਲਿਆ ਨਹੀਂ ਜਾਂਦਾ:

ਪਰੰਤੂ, ਜੇ ਇਸ ਤਰ੍ਹਾਂ ਕੀਤੀ ਗਈ ਅਦਲਾ-ਬਦਲੀ ਅਜਿਹੇ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਨੂੰ ਸਵੀਕਾਰਯੋਗ ਨਹੀਂ ਹੈ, ਤਾਂ ਰਾਜ ਸਰਕਾਰ ਦੁਆਰਾ ਘੱਟੋ-ਘੱਟ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਜਾਂ ਤਿੰਨ ਮਹੀਨੇ ਦੇ ਮਿਹਤਨਾਮੇ ਦੇ ਬਰਾਬਰ ਦੀ ਰਕਮ ਦਾ ਭੁਗਤਾਨ ਕਰਕੇ ਉਸ ਦੀ ਨੌਕਰੀ ਨੂੰ ਖਤਮ ਕੀਤਾ ਜਾ ਸਕੇਗਾ:

ਪਰੰਤੂ ਇਹ ਹੋਰ ਕਿ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਤੇ ਲਾਗੂ ਨਹੀਂ ਹੋਵੇਗੀ ਜਿਸ ਨੇ ਨਿਯਤ ਦਿਨ ਤੋਂ ਅਗਲੇ ਤੀਹ ਦਿਨਾਂ ਦੇ ਅੰਦਰ ਰਾਜ ਸਰਕਾਰ ਨੂੰ ਲਿਖਤੀ ਨੋਟਿਸ ਦੇ ਕੇ ਰਾਜ ਸਰਕਾਰ ਦਾ ਅਧਿਕਾਰੀ ਜਾਂ ਹੋਰ ਕਰਮਚਾਰੀ ਨਾ ਬਣਨ ਦੇ ਆਪਣੇ ਇਰਾਦੇ ਬਾਰੇ ਇਤਲਾਹ ਕੀਤੀ ਹੈ।

(2) ਉਦਯੋਗਿਕ ਝਗੜਾ ਐਕਟ, 1947 ਜਾਂ ਤੱਤਸਮੇਂ ਨਾਫਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿੱਚ ਨਿਯੋਜਤ ਜਾਂ ਇਸ ਦੇ ਕਾਰ-ਵਿਹਾਰਾਂ ਨਾਲ ਸਬੰਧਤ ਕਿਸੇ ਅਧਿਕਾਰੀ ਜਾਂ ਹੋਰ ਕਰਮਚਾਰੀ ਦੀਆਂ ਸੇਵਾਵਾਂ ਦਾ ਰਾਜ ਸਰਕਾਰ ਨੂੰ ਬਦਲੀ

ਕਰਨਾ, ਕਿਸੇ ਅਜਿਹੇ ਅਧਿਕਾਰੀ ਜਾਂ ਹੋਰ ਕਰਮਚਾਰੀ ਨੂੰ ਉਸ ਐਕਟ, ਜਾਂ ਕਿਸੇ ਹੋਰ ਕਾਨੂੰਨ ਅਧੀਨ ਮੁਆਵਜ਼ੇ ਦਾ ਹੱਕਦਾਰ ਨਹੀਂ ਬਣਾਏਗਾ, ਅਤੇ ਕਿਸੇ ਅਦਾਲਤ, ਟ੍ਰਿਬਿਊਨਲ ਜਾਂ ਹੋਰ ਅਥਰਟੀ ਦੁਆਰਾ ਅਜਿਹਾ ਕੋਈ ਦਾਅਵਾ ਗ੍ਰਹਿਣ ਨਹੀਂ ਕੀਤਾ ਜਾਵੇਗਾ।

(3) ਉਨ੍ਹਾਂ ਵਿਅਕਤੀਆਂ ਲਈ ਜੋ, ਨਿਯਤ ਦਿਨ ਤੋਂ ਤੁਰੰਤ ਪਹਿਲਾਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਅਧਿਕਾਰੀਆਂ ਜਾਂ ਹੋਰ ਕਰਮਚਾਰੀਆਂ ਲਈ ਗਠਤ ਕਿਸੇ ਪੈਨਸ਼ਨ, ਪ੍ਰਾਵੀਡੈਂਟ ਜਾਂ ਗ੍ਰੈਚੂਇਟੀ ਫ਼ੰਡ ਜਾਂ ਉਸੇ ਤਰ੍ਹਾਂ ਦੇ ਕੋਈ ਹੋਰ ਫ਼ੰਡ ਦੇ ਟਰੱਸਟੀ ਸਨ, ਉਨ੍ਹਾਂ ਦੀ ਥਾਂ ਤੇ ਅਜਿਹੇ ਵਿਅਕਤੀਆਂ ਨੂੰ ਟਰੱਸਟੀ ਰੱਖਿਆ ਜਾਵੇਗਾ, ਜਿਵੇਂ ਰਾਜ ਸਰਕਾਰ, ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ, ਉਲਿਖਤ ਕਰੇ।

ਮੁਆਇਦਿਆਂ ਆਦਿ ਦਾ ਪ੍ਰਭਾਵ।

9. (1) ਸਾਰੇ ਮੁਆਇਦੇ, ਵਸੀਕੇ, ਬੌਂਡ, ਇਕਰਾਰਨਾਮੇ, ਮੁਖਤਾਰਨਾਮੇ, ਕਾਨੂੰਨੀ ਪ੍ਰਤੀਨਿਧਤਾ ਦੀਆਂ ਗ੍ਰਾਂਟਾਂ ਅਤੇ ਹੋਰ ਲਿਖਤਾਂ, ਭਾਵੇਂ ਕਿਸੇ ਵੀ ਕਿਸਮ ਦੀਆਂ ਹੋਣ, ਜੋ ਨਿਯਤ ਦਿਨ ਤੋਂ ਤੁਰੰਤ ਪਹਿਲਾਂ ਮੌਜੂਦ ਹਨ ਜਾਂ ਪ੍ਰਭਾਵੀ ਹਨ, ਅਤੇ ਜਿਨ੍ਹਾਂ ਵਿੱਚ ਟਰੱਸਟੀ ਜਾਂ, ਜਿਹੀ ਕਿ ਸੂਰਤ ਹੋਵੇ, ਟਰੱਸਟੀਆਂ ਦੇ ਨਮਿੱਤ ਕੋਈ ਵਿਅਕਤੀ ਇੱਕ ਧਿਰ ਹੈ, ਜਾਂ ਜੋ ਟਰੱਸਟੀਆਂ ਦੇ ਹੱਕ ਵਿੱਚ ਹਨ, ਜਿੱਥੋਂ ਤੱਕ ਉਹ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਕਿਸੇ ਪ੍ਰਯੋਜਨ, ਜਾਂ ਕਾਰ-ਵਿਹਾਰਾਂ ਨਾਲ ਸਬੰਧਤ ਹਨ, ਰਾਜ ਸਰਕਾਰ ਦੇ ਵਿਰੁੱਧ ਜਾਂ ਇਸ ਦੇ ਹੱਕ ਵਿੱਚ ਪੂਰੇ ਬਲ ਅਤੇ ਪ੍ਰਭਾਵ ਦੇ ਹੋਣਗੇ, ਅਤੇ ਉਨ੍ਹਾਂ ਨੂੰ ਪੂਰਨ ਅਤੇ ਪ੍ਰਭਾਵਕ ਤੌਰ ਤੇ ਲਾਗੂ ਜਾਂ ਅਮਲ ਕਰਵਾਇਆ ਜਾ ਸਕਦਾ ਹੈ ਜਿਵੇਂ ਟਰੱਸਟੀਆਂ ਦੀ ਥਾਂ ਤੇ, ਰਾਜ ਸਰਕਾਰ ਇਸ ਵਿੱਚ ਇੱਕ ਧਿਰ ਸੀ ਜਾਂ ਜਿਵੇਂ ਉਹ ਰਾਜ ਸਰਕਾਰ ਦੇ ਹੱਕ ਵਿੱਚ ਜਾਰੀ ਕੀਤੇ ਗਏ ਸਨ।

(2) ਜੇ, ਨਿਯਤ ਦਿਨ ਤੇ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਜਾਂ ਉਕਤ ਕਾਲਜ ਦੇ ਕਿਸੇ ਵੀ ਕਾਰ-ਵਿਹਾਰ ਦੇ ਸਬੰਧ ਵਿੱਚ ਕਿਸੇ ਕਿਸਮ ਦਾ ਦਾਵਾ, ਅਪੀਲ ਜਾਂ ਹੋਰ ਕਾਰਵਾਈ, ਟਰੱਸਟੀਆਂ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਜਾਂ ਉਸ ਦੇ ਵਿਰੁੱਧ ਲੰਬਿਤ ਹੈ, ਤਾਂ ਉਕਤ ਕਾਲਜ ਦੇ ਰਾਜ ਸਰਕਾਰ ਨੂੰ ਬਦਲੀ ਹੋਣ ਦੇ ਕਾਰਨ, ਜਾਂ ਇਸ ਐਕਟ ਵਿੱਚ ਦਰਜ ਕਿਸੇ ਗੱਲ ਦੁਆਰਾ ਸਮਾਪਤ ਨਹੀਂ ਹੋਵੇਗੀ, ਬੰਦ ਨਹੀਂ ਕੀਤੀ ਜਾਵੇਗੀ ਜਾਂ ਕਿਸੇ ਵੀ ਤਰੀਕੇ ਨਾਲ ਪ੍ਰਤੀਕੂਲ ਤੌਰ ਤੇ ਪ੍ਰਭਾਵਿਤ ਨਹੀਂ ਹੋਵੇਗੀ; ਪਰੰਤੂ ਦਾਵਾ, ਅਪੀਲ ਜਾਂ ਹੋਰ ਕਾਰਵਾਈ ਰਾਜ ਸਰਕਾਰ ਦੁਆਰਾ ਜਾਂ ਇਸ ਦੇ ਵਿਰੁੱਧ ਜਾਰੀ ਰੱਖੀ ਜਾ ਸਕੇਗੀ, ਪ੍ਰਾਸੀਕਿਊਟ ਅਤੇ ਨਾਫ਼ਜ਼ ਕੀਤੀ ਜਾ ਸਕੇਗੀ।

ਬਦਨੀਤੀ ਨਾਲ ਕੀਤੇ ਗਏ ਜਾਂ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਹਿੱਤਾਂ ਲਈ ਹਾਨੀਕਾਰਕ ਮੁਆਇਦਿਆਂ ਨੂੰ ਰੱਦ ਕਰਨਾ ਜਾਂ ਅਦਲਾ-ਬਦਲੀ ਕਰਨਾ।

10. (1) ਧਾਰਾ 9 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਜੇ ਉਸਦੀ ਅਜਿਹੀ ਜਾਂਚ ਤੋਂ ਬਾਅਦ ਤਸੱਲੀ ਹੋ ਜਾਂਦੀ ਹੈ, ਜਿਵੇਂ ਉਹ ਉਚਿਤ ਸਮਝੇ, ਕਿ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਜਾਂ ਉਕਤ ਕਾਲਜ ਨਾਲ ਸਬੰਧਤ ਕਾਰ-ਵਿਹਾਰਾਂ ਦੇ ਸਬੰਧ ਵਿੱਚ ਟਰੱਸਟੀਆਂ ਜਾਂ ਟਰੱਸਟੀਆਂ ਦੇ ਨਮਿੱਤ ਕਾਰਜ ਕਰਨ ਵਾਲੇ ਕਿਸੇ ਹੋਰ ਵਿਅਕਤੀ ਵਿਚਕਾਰ ਨਿਯਤ ਦਿਨ ਤੋਂ ਪਹਿਲਾਂ ਕੀਤਾ ਗਿਆ ਕੋਈ ਵੀ ਮੁਆਇਦਾ ਜਾਂ ਇਕਰਾਰਨਾਮਾ, ਬਦਨੀਤੀ ਨਾਲ ਕੀਤਾ ਗਿਆ ਹੈ, ਜਾਂ ਉਕਤ ਕਾਲਜ ਦੇ ਹਿੱਤਾਂ ਲਈ ਹਾਨੀਕਾਰਕ ਹੈ, ਤਾਂ ਉਹ ਅਜਿਹੇ ਮੁਆਇਦੇ ਜਾਂ ਇਕਰਾਰਨਾਮੇ ਨੂੰ ਰੱਦ ਕਰਵਾਉਣ ਜਾਂ ਉਸ ਵਿੱਚ ਅਦਲ-ਬਦਲੀ ਕਰਵਾਉਣ ( ਜਾਂ ਤਾਂ

ਅਸ਼ਰਤੀ ਤੌਰ ਤੇ ਜਾਂ ਅਜਿਹੀਆਂ ਸ਼ਰਤਾਂ ਦੇ ਤਾਬੇ ਜਿਵੇਂ ਉਹ ਇਸ ਪ੍ਰਯੋਜਨ ਲਈ ਅਰੋਪਣਾ ਉਚਿਤ ਸਮਝੇ) ਦਾ ਹੁਕਮ ਦੇ ਸਕੇਗੀ ਅਤੇ ਉਸ ਤੋਂ ਬਾਅਦ ਮੁਆਇਦਾ ਜਾਂ ਇਕਰਾਰਨਾਮਾ ਉਸ ਅਨੁਸਾਰ ਪ੍ਰਭਾਵੀ ਹੋਵੇਗਾ:

ਪਰੰਤੂ ਕੋਈ ਮੁਆਇਦਾ ਜਾਂ ਇਕਰਾਰਨਾਮਾ ਮੁਆਇਦੇ ਜਾਂ ਇਕਰਾਰਨਾਮੇ ਦੀਆਂ ਧਿਰਾਂ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਰੱਦ ਜਾਂ ਬਦਲਿਆ ਨਹੀਂ ਜਾਵੇਗਾ।

(2) ਉਪ-ਧਾਰਾ (1) ਅਧੀਨ ਕੀਤੇ ਹੁਕਮ ਤੋਂ ਦੁਖਤ ਕੋਈ ਵਿਅਕਤੀ, ਉਸ ਤਰੀਕ ਦੇ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਜਿਸ ਤੇ ਉਸ ਨੂੰ ਹੁਕਮ ਸੰਸੂਚਿਤ ਕੀਤਾ ਗਿਆ ਹੈ, ਦੀਵਾਨੀ ਅਧਿਕਾਰਤਾ ਦੀ ਪ੍ਰਮੁੱਖ ਅਦਾਲਤ ਨੂੰ ਜਿਸ ਦੀ ਅਧਿਕਾਰਤਾ ਅੰਦਰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਸਥਿਤ ਹੈ, ਅਜਿਹਾ ਹੁਕਮ ਅਦਲ-ਬਦਲ ਜਾਂ ਉਲਟਾਉਣ ਲਈ ਦਰਖ਼ਾਸਤ ਦੇ ਸਕੇਗਾ ਅਤੇ ਉਸ ਤੋਂ ਬਾਅਦ ਅਜਿਹੀ ਅਦਾਲਤ ਅਜਿਹੇ ਹੁਕਮ ਨੂੰ ਪੱਕਾ, ਰੂਪਭੇਦ ਜਾਂ ਉਲਟਾ ਸਕੇਗੀ।

ਸੰਪੱਤੀ ਆਦਿ ਦਾ ਕਬਜ਼ਾ ਦੇਣ ਦਾ ਕਰਤੱਵ।

11. (1) ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਰਾਜ ਸਰਕਾਰ ਨੂੰ ਬਦਲੀ ਅਤੇ ਨਿਹਿਤ ਹੋਣ ਤੇ,-

(ੳ) ਟਰੱਸਟੀ ਅਤੇ ਹਰੇਕ ਵਿਅਕਤੀ ਜਿਸ ਦੇ ਕਬਜ਼ੇ, ਸੰਭਾਲ ਜਾਂ ਕੰਟਰੋਲ ਵਿੱਚ ਧਾਰਾ 3 ਦੀ ਉਪ-ਧਾਰਾ (1) ਵਿੱਚ ਉਲਿਖਤ ਕੋਈ ਸੰਪੱਤੀ ਜਾਂ ਸੰਪਦਾ ਹੋ ਸਕਦੀ ਹੈ, ਉਸ ਨੂੰ ਅਜਿਹੇ ਅਧਿਕਾਰੀ ਜਾਂ ਕਿਸੇ ਹੋਰ ਵਿਅਕਤੀ ਦੇ ਹਵਾਲੇ ਕਰੇਗਾ, ਜਿਸ ਨੂੰ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਕਾਰਤ ਕੀਤਾ ਜਾਵੇ;

(ਅ) ਟਰੱਸਟੀ ਅਤੇ ਹਰੇਕ ਵਿਅਕਤੀ ਜੋ, ਅਜਿਹੀ ਨਿਹਿਤਤਾ ਤੋਂ ਤੁਰੰਤ ਪਹਿਲਾਂ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਨਾਲ ਸਬੰਧਤ ਕੋਈ ਕਿਤਾਬਾਂ, ਦਸਤਾਵੇਜ਼ ਜਾਂ ਹੋਰ ਪੱਤਰ ਆਪਣੇ ਕਬਜ਼ੇ, ਸੰਭਾਲ ਜਾਂ ਕੰਟਰੋਲ ਵਿੱਚ ਰੱਖਦਾ ਹੈ, ਰਾਜ ਸਰਕਾਰ ਨੂੰ ਉਕਤ ਕਿਤਾਬਾਂ, ਦਸਤਾਵੇਜ਼ਾਂ ਅਤੇ ਪੱਤਰਾਂ ਦਾ ਲੇਖਾ ਦੇਣ ਲਈ ਉੱਤਰਦਾਈ ਹੋਵੇਗਾ ਅਤੇ ਉਹਨਾਂ ਨੂੰ ਰਾਜ ਸਰਕਾਰ ਜਾਂ ਅਜਿਹੇ ਅਧਿਕਾਰੀ ਜਾਂ ਕਿਸੇ ਹੋਰ ਵਿਅਕਤੀ, ਜਿਸ ਨੂੰ ਰਾਜ ਸਰਕਾਰ ਦੁਆਰਾ ਇਸ ਨਮਿੱਤ ਅਧਿਕਾਰਤ ਕੀਤਾ ਗਿਆ ਹੋਵੇ, ਦੇ ਹਵਾਲੇ ਕਰੇਗਾ।

(2) ਇਸ ਧਾਰਾ ਵਿੱਚ ਦਰਜ ਹੋਰ ਉਪਬੰਧਾਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਰਾਜ ਸਰਕਾਰ ਲਈ ਇਹ ਕਾਨੂੰਨ-ਸੰਗਤ ਹੋਵੇਗਾ ਕਿ ਉਹ ਸਾਰੀਆਂ ਸੰਪੱਤੀਆਂ ਅਤੇ ਧਨ-ਧਾਮਾਂ, ਜੋ ਇਸ ਐਕਟ ਅਧੀਨ ਇਸ ਨੂੰ ਇੰਤਕਾਲ ਕੀਤੀਆਂ

ਗਈਆਂ ਹਨ ਅਤੇ ਉਸ ਵਿੱਚ ਨਿਹਿਤ ਹੋ ਗਈਆਂ ਹਨ, ਦਾ ਕਬਜ਼ਾ ਲੈਣ ਲਈ ਸਾਰੇ ਜ਼ਰੂਰੀ ਕਦਮ ਚੁੱਕੇ।

ਭੰਨ।

12. ਕੋਈ ਵਿਅਕਤੀ ਜੋ,–

(ੳ) ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਪ੍ਰਯੋਜਨਾਂ ਲਈ ਰੱਖੀ ਗਈ ਕਿਸੇ ਸੰਪੱਤੀ ਨੂੰ ਆਪਣੇ ਕਬਜ਼ੇ, ਸੰਭਾਲ ਜਾਂ ਕੰਟਰੋਲ ਵਿੱਚ ਰੱਖਦੇ ਹੋਏ, ਰਾਜ ਸਰਕਾਰ ਤੋਂ ਅਜਿਹੀ ਸੰਪੱਤੀ ਨੂੰ ਦੋਸ਼-ਪੂਰਨ ਤੌਰ ਤੇ ਰੋਕਦਾ ਹੈ; ਜਾਂ

(ਅ) ਉਕਤ ਕਾਲਜ ਦੇ ਪ੍ਰਯੋਜਨਾਂ ਲਈ ਰੱਖੀ ਗਈ ਕਿਸੇ ਸੰਪੱਤੀ ਦਾ ਦੋਸ਼-ਪੂਰਨ ਤੌਰ ਤੇ ਕਬਜ਼ਾ ਪ੍ਰਾਪਤ ਕਰਦਾ ਹੈ, ਜਾਂ ਉਸ ਨੂੰ ਆਪਣੇ ਕੋਲ ਰੱਖਦਾ ਹੈ; ਜਾਂ

(ੲ) ਉਕਤ ਕਾਲਜ ਨਾਲ ਸਬੰਧਤ ਕੋਈ ਕਿਤਾਬਾਂ, ਦਸਤਾਵੇਜ਼ਾਂ ਜਾਂ ਹੋਰ ਪੱਤਰਾਂ ਨੂੰ ਰਾਜ ਸਰਕਾਰ ਨੂੰ ਦੇਣ ਤੋਂ ਜਾਣ-ਬੁੱਝ ਕੇ ਰੋਕਦਾ ਹੈ ਜਾਂ ਦੇਣ ਵਿੱਚ ਅਸਫ਼ਲ ਰਹਿੰਦਾ ਹੈ; ਜਾਂ

(ਸ) ਉਕਤ ਕਾਲਜ ਨਾਲ ਸਬੰਧਤ ਆਪਣੇ ਕਬਜ਼ੇ, ਸੰਭਾਲ ਜਾਂ ਕੰਟਰੋਲ ਵਿੱਚ ਕੋਈ ਧਨ-ਧਾਮ, ਕਿਤਾਬਾਂ ਜਾਂ ਹੋਰ ਦਸਤਾਵੇਜ਼, ਰਾਜ ਸਰਕਾਰ ਨੂੰ ਸੌਂਪਣ ਵਿੱਚ ਅਸਫ਼ਲ ਰਹਿੰਦਾ ਹੈ; ਜਾਂ

(ਹ) ਉਕਤ ਕਾਲਜ ਦੇ ਪ੍ਰਯੋਜਨਾਂ ਲਈ ਰੱਖੀ ਗਈ ਕਿਸੇ ਸੰਪੱਤੀ ਨੂੰ ਦੋਸ਼-ਪੂਰਬਕ ਹਟਾਉਂਦਾ ਜਾਂ ਨਸ਼ਟ ਕਰਦਾ ਹੈ; ਜਾਂ

(ਕ) ਉਕਤ ਕਾਲਜ ਦੇ ਪ੍ਰਯੋਜਨਾਂ ਲਈ ਰੱਖੀ ਗਈ ਸੰਪੱਤੀ ਦੀ ਦੋਸ਼-ਪੂਰਨ ਵਰਤੋਂ ਕਰਦਾ ਹੈ;

ਅਉਧ ਲਈ ਜੋ ਦੋ ਸਾਲ ਤੱਕ ਹੋ ਸਕੇਗੀ ਜਾਂ ਜੁਰਮਾਨੇ ਨਾਲ ਜੋ ਦਸ ਹਜਾਰ ਰੁਪਏ ਤੱਕ ਹੋ ਸਕੇਗਾ ਜਾਂ ਦੋਵਾਂ ਦੀ ਕੈਦ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

ਕੰਪਨੀਆਂ ਦੁਆਰਾ ਅਪਰਾਧ।

13. (1) ਜਿੱਥੇ ਇਸ ਐਕਟ ਦੇ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੋਵੇ, ਉੱਥੇ ਹਰੇਕ ਵਿਅਕਤੀ ਜੋ, ਅਪਰਾਧ ਕੀਤੇ ਜਾਣ ਸਮੇਂ ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਕੰਪਨੀ ਦਾ ਇੰਚਾਰਜ ਸੀ, ਅਤੇ ਉਸ ਪ੍ਰਤੀ ਉੱਤਰਦਾਈ ਸੀ, ਨਾਲੇ ਉਹ ਕੰਪਨੀ, ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ:

ਪਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਜਿਹੇ ਵਿਅਕਤੀ ਨੂੰ ਕਿਸੇ ਸਜ਼ਾ ਦਾ ਭਾਗੀ ਨਹੀਂ ਬਣਾਵੇਗੀ, ਜੇ ਉਹ ਇਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ ਜਾਂ ਉਸ ਨੇ ਅਜਿਹੇ ਅਪਰਾਧ ਦੇ ਕੀਤੇ ਜਾਣ ਨੂੰ ਰੋਕਣ ਲਈ ਪੂਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਿੱਥੇ ਇਸ ਐਕਟ ਅਧੀਨ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ ਜਾਂ ਸਕੱਤਰ ਜਾਂ ਹੋਰ ਅਧਿਕਾਰੀ ਦੀ ਸਹਿਮਤੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ ਜਾਂ ਉਸ ਦੀ ਕਿਸੇ ਅਣਗਹਿਲੀ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਤਾਂ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਵੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਆਪਣੇ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ.- ਇਸ ਧਾਰਾ ਦੇ ਪ੍ਰਯੋਜਨਾਂ ਲਈ,-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮਤ, ਬੌਡੀ ਅਤੇ ਇਸ ਵਿੱਚ ਕੋਈ ਫ਼ਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) ਕਿਸੇ ਫ਼ਰਮ ਦੇ ਸਬੰਧ ਵਿੱਚ "ਡਾਇਰੈਕਟਰ" ਦਾ ਮਤਲਬ ਹੈ ਉਸ ਫਰਮ ਵਿੱਚ ਕੋਈ ਭਾਈਵਾਲ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ।

14. ਇਸ ਐਕਟ ਅਧੀਨ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਇਸ ਦੇ ਕਿਸੇ ਵੀ ਅਧਿਕਾਰੀਆਂ ਜਾਂ ਹੋਰ ਕਰਮਚਾਰੀਆਂ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅਪਰਾਧਾਂ ਦਾ ਸਮਾਇਤ ਅਧਿਕਾਰ।

15. ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕੋਈ ਅਦਾਲਤ ਇਸ ਐਕਟ ਅਧੀਨ ਕਿਸੇ ਅਪਰਾਧ ਦਾ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਕਾਰਤ ਕਿਸੇ ਅਧਿਕਾਰੀ ਦੁਆਰਾ ਲਿਖਤੀ ਸ਼ਿਕਾਇਤ ਦੇ ਸਿਵਾਏ ਸਮਾਇਤ ਅਧਿਕਾਰ ਨਹੀਂ ਲਵੇਗੀ।

ਹਾਨ-ਪੂਰਤੀ।

16. ਰਾਜ ਸਰਕਾਰ ਦੇ ਹਰੇਕ ਅਧਿਕਾਰੀ ਨੂੰ, ਰਾਜ ਸਰਕਾਰ ਦੁਆਰਾ ਇਸ ਐਕਟ ਅਧੀਨ ਆਪਣੇ ਕਰਤੱਵਾਂ ਦੇ ਨਿਭਾਉਣ ਵਿੱਚ, ਜਾਂ ਇਸ ਦੇ ਸਬੰਧ ਵਿੱਚ ਹੋਏ ਸਾਰੇ ਨੁਕਸਾਨਾਂ ਅਤੇ ਖ਼ਰਚਿਆਂ ਬਦਲੇ ਹਾਨ-ਪੂਰਤੀ ਕੀਤੀ ਜਾਵੇਗੀ, ਸਿਵਾਏ ਉਨ੍ਹਾਂ ਦੇ ਜੋ ਉਸਦੇ ਆਪਣੇ ਜਾਣਬੁੱਝ ਕੇ ਕੀਤੇ ਕੰਮ ਜਾਂ ਕੁਤਾਹੀ ਕਾਰਨ ਹੋਏ ਹੋਣ।

ਨਿਯਮ ਬਣਾਉਣ ਦੀ ਸ਼ਕਤੀ।

17. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ

ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਕੀਤੇ ਜਾਣੋਂ ਰਹਿ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਓ।

18. ਪੰਜਾਬ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ (ਅਰਜਤਕਰਨ) ਅਤੇ ਫੁਟਕਲ ਉਪਬੰਧ ਆਰਡੀਨੈਂਸ, 1978 (1978 ਦਾ ਪੰਜਾਬ ਆਰਡੀਨੈਂਸ ਨੰ: 12) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਇਸ ਤਰ੍ਹਾਂ ਨਿਰਸਤ ਕੀਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

**ਡਿਸਕਲੇਮਰ:-** ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3792/8-2026/Pb. Govt. Press, S.A.S. Nagar*

ਭਾਗ–1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 6 ਅਗਸਤ, 2026

**ਨੰ.59/ਭ:ਕ/2026.–** ਪੰਜਾਬ ਧਾਰਮਿਕ ਸਥਾਨ ਅਤੇ ਭੋਂ (ਖ਼ਾਲੀ ਕਰਨ ਅਤੇ ਕਿਰਾਇਆ ਵਸੂਲੀ) ਐਕਟ, 1997 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6–ਉ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 6th August, 2026

**No. 59/L.C./2026.-** The Translation in Punjabi of the Punjab Religious Premises and Land (Eviction and Rent Recovery) Act, 1997 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

## ਪੰਜਾਬ ਧਾਰਮਿਕ ਸਥਾਨ ਅਤੇ ਭੋਂ (ਖ਼ਾਲੀ ਕਰਨ ਅਤੇ ਕਿਰਾਇਆ ਵਸੂਲੀ) ਐਕਟ, 1997

(1998 ਦਾ ਪੰਜਾਬ ਐਕਟ ਨੰ: 4)

ਧਾਰਮਿਕ ਸਥਾਨਾਂ ਤੋਂ ਅਣਅਧਿਕਾਰਤ ਦਖ਼ੀਲਕਾਰਾਂ ਦੀ ਬੇਦਖਲੀ ਅਤੇ ਕੁੱਝ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅੱਠਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਧਾਰਮਿਕ ਸਥਾਨ ਅਤੇ ਭੋਂ (ਖਾਲੀ ਕਰਨ ਅਤੇ ਕਿਰਾਇਆ ਵਸੂਲੀ) ਐਕਟ, 1997 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,– ਪਰਿਭਾਸ਼ਾਵਾਂ।

(ਉ) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦਾ ਕੁਲੈਕਟਰ ਅਤੇ ਇਸ ਵਿੱਚ ਇਸ ਐਕਟ ਅਧੀਨ ਰਾਜ ਸਰਕਾਰ ਦੁਆਰਾ ਕੁਲੈਕਟਰ ਦੇ ਕਾਜਕਾਰਾਂ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ਅ) "ਕਮਿਸ਼ਨਰ" ਦਾ ਮਤਲਬ ਹੈ ਇੱਕ ਡਿਵੀਜ਼ਨ ਦਾ ਕਮਿਸ਼ਨਰ;

(ਏ) "ਸੰਪਦਾ" ਦਾ ਮਤਲਬ ਹੈ ਕੋਈ ਖੇਤਰ–

(i) ਜਿਸ ਵਿੱਚ ਅਧਿਕਾਰਾਂ ਦਾ ਇੱਕ ਵੱਖਰਾ ਰਿਕਾਰਡ ਬਣਾਇਆ ਗਿਆ ਹੋਵੇ; ਜਾਂ

(ii) ਜਿਸ ਨੂੰ ਵੱਖਰੇ ਤੌਰ ਤੇ ਭੋਂ ਮਾਲੀਏ ਲਈ ਨਿਰਧਾਰਤ ਕੀਤਾ ਗਿਆ ਹੋਵੇ, ਜਾਂ ਜੇ ਭੋਂ ਮਾਲੀਆ ਛੱਡਿਆ, ਤਸਫ਼ੀਆ ਜਾਂ ਉਸ ਦਾ ਰਹਿਣ ਸੁਰੂ ਨਹੀਂ ਕਰਵਾਇਆ ਗਿਆ, ਇਸ ਤਰ੍ਹਾਂ ਨਿਰਧਾਰਤ ਕੀਤਾ ਹੋਣਾ ਸੀ;

(iii) ਜਿਸ ਨੂੰ ਰਾਜ ਸਰਕਾਰ ਆਮ ਨਿਯਮ ਜਾਂ ਵਿਸ਼ੇਸ਼ ਹੁਕਮ ਦੁਆਰਾ ਇੱਕ ਸੰਪਦਾ ਘੋਸ਼ਿਤ ਕਰ ਸਕਦੀ ਹੈ;

(ਸ) "ਧਾਰਮਿਕ ਸੰਸਥਾ" ਦਾ ਮਤਲਬ ਹੈ ਕੋਈ ਗੁਰਦੁਆਰਾ, ਮੰਦਰ, ਗਿਰਜ਼ਾਘਰ, ਮਸਜਿਦ, ਜੈਨੀਆਂ ਜਾਂ ਬੋਧੀਆਂ ਦੇ ਮੰਦਰ ਜੋ ਸੋਸਾਇਟੀਆਂ ਰਜਿਸਟਰੀਕਰਣ ਐਕਟ, 1860 (1860 ਦਾ ਕੇਂਦਰੀ ਐਕਟ ਨੰ: XXI) ਦੇ ਉਪਬੰਧਾਂ ਅਧੀਨ ਰਜਿਸਟਰਸੁਦਾ ਹੈ ਜਾਂ ਕਿਸੇ ਵੀ ਪ੍ਰਵਿਧਾਨ ਅਧੀਨ ਸਥਾਪਤ ਕੀਤਾ ਗਿਆ ਹੈ ਅਤੇ ਇਸ ਵਿੱਚ ਕੋਈ ਵੀ ਹੋਰ ਪੂਜਾ ਦਾ ਸਥਾਨ ਜਿਸ ਨੂੰ ਕਿਸੇ ਵੀ ਨਾਂ ਨਾਲ ਬੁਲਾਇਆ ਜਾਂਦਾ ਹੋਵੇ, ਸ਼ਾਮਲ ਹੈ, ਜਿਸ ਨੂੰ ਉਪਰੋਕਤ ਦੀ ਤਰ੍ਹਾਂ ਰਜਿਸਟਰਸੁਦਾ ਕੀਤਾ ਗਿਆ ਹੈ ਜਾਂ ਕਿਸੇ ਪ੍ਰਵਿਧਾਨ ਅਧੀਨ ਸਥਾਪਤ ਕੀਤਾ ਗਿਆ ਹੈ;

(ਹ) "ਧਾਰਮਿਕ ਸਥਾਨ" ਦਾ ਮਤਲਬ ਹੈ ਕੋਈ ਭੋਂ ਭਾਵੇਂ ਇਹ ਜ਼ੁਰਾਇਤੀ ਜਾਂ ਗੈਰ–ਜ਼ੁਰਾਇਤੀ ਪ੍ਰਯੋਜਨਾਂ ਲਈ ਵਰਤੀ ਜਾਂਦੀ ਹੋਵੇ ਜਾਂ ਕਿਸੇ ਧਾਰਮਿਕ ਸੰਸਥਾ ਨਾਲ ਸਬੰਧਤ ਕੋਈ ਇਮਾਰਤ ਜਾਂ ਇਮਾਰਤ ਦਾ ਇੱਕ ਭਾਗ ਹੋਵੇ ਅਤੇ ਇਸ ਵਿੱਚ ਸ਼ਾਮਲ ਹੈ,–

(i) ਅਜਿਹੀ ਇਮਾਰਤ ਜਾਂ ਇਮਾਰਤ ਦੇ ਭਾਗ ਨਾਲ ਸਬੰਧਤ ਬਗੀਚਾ, ਮੈਦਾਨ ਅਤੇ ਉਪ–ਮਕਾਨ, ਜੇਕਰ ਕੋਈ ਹੋਵੇ;

(ii) ਅਜਿਹੀ ਇਮਾਰਤ ਜਾਂ ਇਮਾਰਤ ਦੇ ਇੱਕ ਭਾਗ ਨਾਲ ਉਸ ਦੇ ਵੱਧ ਲਾਭਦਾਇਕ ਉਪਭੋਗ ਲਈ ਜੋੜੀਆਂ ਵਸਤਾਂ;

(ਕ) ਕਿਸੇ ਧਾਰਮਿਕ ਸਥਾਨ ਨਾਲ ਸਬੰਧਤ "ਕਿਰਾਏ" ਦਾ ਮਤਲਬ ਹੈ ਧਾਰਮਿਕ ਸਥਾਨ ਦੇ ਅਧਿਕਾਰਤ ਕਬਜ਼ੇ ਲਈ ਸਮੇਂ ਸਮੇਂ ਤੇ ਅਦਾਇਗੀਯੋਗ ਬਦਲ ਅਤੇ ਇਸ ਵਿੱਚ ਸ਼ਾਮਲ ਹੈ–

(i) ਸਥਾਨ ਦੇ ਕਬਜ਼ੇ ਨਾਲ ਸਬੰਧਤ ਬਿਜਲੀ, ਪਾਣੀ ਜਾਂ ਕੋਈ ਹੋਰ ਸੇਵਾਵਾਂ ਲਈ ਕੋਈ ਖ਼ਰਚ;

(ii) ਧਾਰਮਿਕ ਸਥਾਨ ਦੇ ਬਾਰੇ ਵਿੱਚ (ਕਿਸੇ ਵੀ ਨਾਂ ਨਾਲ ਜਾਣਿਆ ਜਾਣ ਵਾਲਾ) ਅਦਾਇਗੀਯੋਗ ਕੋਈ ਕਰ;

ਜਿੱਥੇ ਅਜਿਹਾ ਖ਼ਰਚ ਜਾਂ ਕਰ ਧਾਰਮਿਕ ਸੰਸਥਾ ਦੁਆਰਾ ਅਦਾਇਗੀਯੋਗ ਹੋਵੇ।

ਧਾਰਮਿਕ ਸਥਾਨਾਂ ਦਾ ਅਣਅਧਿਕਾਰਤ ਕਬਜ਼ਾ।

3. ਇਸ ਐਕਟ ਦੇ ਪ੍ਰਯੋਜਨਾਂ ਲਈ, ਕਿਸੇ ਵਿਅਕਤੀ ਨੂੰ ਕਿਸੇ ਧਾਰਮਿਕ ਸਥਾਨ ਤੇ ਅਣਅਧਿਕਾਰਤ ਕਬਜ਼ੇ ਵਿੱਚ ਸਮਝਿਆ ਜਾਵੇਗਾ,–

(ੳ) ਜਿੱਥੇ ਉਸ ਨੇ ਭਾਵੇਂ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਜਾਂ ਪਿੱਛੋਂ ਕਿਸੇ ਅਲਾਟਮੈਂਟ, ਪੱਟੇ ਜਾਂ ਗ੍ਰਾਂਟ ਦੇ ਅਧੀਨ ਅਤੇ ਉਸ ਦੇ ਅਨੁਸਰਣ ਵਿੱਚ ਉਸ ਦੇ ਬਿਨਾਂ ਹੋਰ ਤਰ੍ਹਾਂ ਉਸ ਤੇ ਕਬਜ਼ਾ ਕੀਤਾ ਹੋਵੇ; ਜਾਂ

(ਅ) ਜਿੱਥੇ ਉਹ, ਇੱਕ ਅਲਾਟੀ, ਪੱਟੇਦਾਰ ਜਾਂ ਗ੍ਰਾਂਟੀ ਵਜੋਂ, ਉਸ ਦੇ ਨਮਿੱਤ ਇਸ ਵਿੱਚ ਦਰਜ ਨਿਬੰਧਨਾਂ ਦੀ ਅਨੁਸਾਰਤਾ ਵਿੱਚ ਆਪਣੀ ਅਲਾਟਮੈਂਟ, ਪੱਟਾ ਜਾਂ ਗ੍ਰਾਂਟ ਦੀ ਸਮਾਪਤੀ ਜਾਂ ਰੱਦ ਹੋਣ ਦੇ ਕਾਰਨ, ਭਾਵੇਂ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਜਾਂ ਪਿੱਛੋਂ, ਅਜਿਹੇ ਧਾਰਮਿਕ ਸਥਾਨ ਤੇ ਦਖ਼ਲ ਰੱਖਣ ਜਾਂ ਧਾਰਨ ਕਰਨ ਦਾ ਹੱਕਦਾਰ ਨਹੀਂ ਰਿਹਾ; ਜਾਂ

(ੲ) ਜਿੱਥੇ ਕਿਸੇ ਵੀ ਧਾਰਮਿਕ ਸਥਾਨ ਤੇ ਦਖਲ ਰੱਖਣ ਲਈ ਅਧਿਕਾਰਤ ਕਿਸੇ ਵਿਅਕਤੀ ਨੇ ਭਾਵੇਂ ਇਸ ਐਕਟ ਦੇ ਅਰੰਭ ਹੋਣ ਤੋਂ ਪਹਿਲਾਂ ਜਾਂ ਪਿੱਛੋਂ,–

(i) ਧਾਰਮਿਕ ਸੰਸਥਾ ਦੀ ਇਜਾਜ਼ਤ ਤੋਂ ਬਿਨਾਂ, ਅਲਾਟਮੈਂਟ, ਪੱਟੇ ਜਾਂ ਗਰਾਂਟ ਦੇ ਨਿਬੰਧਨਾਂ ਦੀ ਉਲੰਘਣਾ ਕਰਕੇ, ਅਜਿਹੇ ਧਾਰਮਿਕ ਸਥਾਨ ਦੇ ਪੂਰਨ ਜਾਂ ਅੰਸ਼ਕ ਭਾਗ ਨੂੰ ਅੱਗੇ ਕਿਰਾਏ ਤੇ ਦਿੱਤਾ ਹੈ; ਜਾਂ

(ii) ਕਿਸੇ ਵੀ ਸਪੱਸ਼ਟ ਜਾਂ ਅਰਥਾਵੇਂ ਨਿਬੰਧਨਾਂ ਦੀ ਉਲੰਘਣਾ ਕਰਕੇ ਕਾਰਜ ਕੀਤਾ ਹੈ, ਜਿਸ ਦੇ ਅਧੀਨ ਉਹ ਅਜਿਹੇ ਧਾਰਮਿਕ ਸਥਾਨ ਤੇ ਦਖ਼ਲ ਰੱਖਣ ਲਈ ਅਧਿਕਾਰਤ ਹੋਵੇ।

ਵਿਆਖਿਆ.– ਖੰਡ (ੳ) ਦੇ ਪ੍ਰਯੋਜਨ ਲਈ, ਇੱਕ ਵਿਅਕਤੀ ਨੂੰ ਕੇਵਲ ਇਸ ਤੱਥ ਦੇ ਕਾਰਨ ਕਿ ਉਸ ਨੇ ਕਿਸੇ ਕਿਰਾਏ ਦੀ ਅਦਾਇਗੀ ਕੀਤੀ ਹੈ, ਨੂੰ ਅਲਾਟੀ, ਪੱਟੇਦਾਰ ਜਾਂ ਗਰਾਂਟੀ ਵਜੋਂ ਕਬਜ਼ਾ ਕੀਤਾ ਨਹੀਂ ਸਮਝਿਆ ਜਾਵੇਗਾ।

ਬੇਦਖ਼ਲੀ ਦੇ ਹੁਕਮ ਵਿਰੁੱਧ ਕਾਰਨ ਦੱਸਣ ਲਈ ਨੋਟਿਸ ਜਾਰੀ ਕਰਨਾ।

4. (1) ਇੱਕ ਧਾਰਮਿਕ ਸੰਸਥਾ ਦੁਆਰਾ ਕੀਤੀ ਦਰਖ਼ਾਸਤ ਉੱਤੇ, ਜੇ ਕੁਲੈਕਟਰ ਦੀ ਰਾਏ ਹੈ ਕਿ ਕੋਈ ਵਿਅਕਤੀ ਉਸ ਦੀ ਅਧਿਕਾਰਤਾ ਅੰਦਰ ਸਥਿਤ ਧਾਰਮਿਕ ਸਥਾਨ ਦੇ ਅੰਦਰ ਅਣਅਧਿਕਾਰਤ ਕਬਜ਼ੇ ਵਿੱਚ ਹਨ ਅਤੇ ਉਨ੍ਹਾਂ ਨੂੰ ਬੇਦਖ਼ਲ ਕੀਤਾ ਜਾਣਾ ਚਾਹੀਦਾ ਹੈ, ਤਾਂ ਕੁਲੈਕਟਰ, ਇਸ ਤੋਂ ਪਿੱਛੋਂ ਉਪਬੰਧਤ ਢੰਗ ਨਾਲ,

ਸਬੰਧਤ ਸਾਰੇ ਵਿਅਕਤੀਆਂ ਨੂੰ ਬੁਲਾਉਣ ਦਾ ਲਿਖਤੀ ਰੂਪ ਵਿੱਚ ਕਾਰਨ ਦੱਸਣ ਦਾ ਨੋਟਿਸ ਜਾਰੀ ਕਰੇਗਾ ਕਿ ਬੇਦਖ਼ਲੀ ਦਾ ਹੁਕਮ ਕਿਉਂ ਨਹੀਂ ਦਿੱਤਾ ਜਾਣਾ ਚਾਹੀਦਾ।

(2) ਨੋਟਿਸ–

(ੳ) ਉਹ ਆਧਾਰ ਉਲਿਖਤ ਕਰੇਗਾ ਜਿਨ੍ਹਾਂ ਦੇ ਉੱਤੇ ਬੇਦਖ਼ਲੀ ਦਾ ਹੁਕਮ ਕੀਤੇ ਜਾਣ ਦੀ ਤਜਵੀਜ਼ ਹੈ; ਅਤੇ

(ਅ) ਸਾਰੇ ਸਬੰਧਤ ਵਿਅਕਤੀਆਂ, ਭਾਵ ਕਿ ਉਹ ਸਾਰੇ ਵਿਅਕਤੀ ਜੋ ਧਾਰਮਿਕ ਸਥਾਨ ਵਿੱਚ ਦਖ਼ਲ ਰੱਖਦੇ ਹਨ ਜਾਂ ਦਖ਼ਲ ਰੱਖ ਸਕਦੇ ਹਨ ਜਾਂ ਉਸ ਵਿੱਚ ਹਿੱਤ ਦਾ ਦਾਅਵਾ ਕਰਦੇ ਹਨ, ਲੋੜੇਗਾ ਕਿ ਉਹ ਨੋਟਿਸ ਵਿੱਚ ਉਲਿਖਤ ਕੀਤੀ ਗਈ ਤਰੀਕ ਨੂੰ ਜਾਂ ਉਸ ਤੋਂ ਪਹਿਲਾਂ, ਜੋ ਕਿ ਇਸ ਦੇ ਜਾਰੀ ਹੋਣ ਦੀ ਤਰੀਕ ਤੋਂ ਦਸ ਦਿਨ ਤੋਂ ਪਹਿਲਾਂ ਦੀ ਨਹੀਂ ਹੋਵੇਗੀ, ਤਜਵੀਜ਼ਤ ਹੁਕਮ ਦੇ ਵਿਰੁੱਧ ਕਾਰਨ ਦੱਸਣ, ਜੇ ਕੋਈ ਹੋਣ।

(3) ਕੁਲੈਕਟਰ ਨੋਟਿਸ ਨੂੰ ਰਜਿਸਟਰਸੁਦਾ ਡਾਕ ਰਾਹੀਂ ਭਿਜਵਾਏਗਾ ਅਤੇ ਧਾਰਮਿਕ ਸਥਾਨ ਦੇ ਬਾਹਰ ਦੇ ਦਰਵਾਜ਼ੇ ਜਾਂ ਕਿਸੇ ਹੋਰ ਨੁਮਾਇਆ ਭਾਗ ਤੇ, ਜਾਂ ਉਸ ਸੰਪਦਾ ਤੇ ਜਿਸ ਵਿੱਚ ਧਾਰਮਿਕ ਸਥਾਨ ਸਥਿਤ ਹਨ, ਤੇ ਚਿਪਕਾਉਣਾ ਕਾਰਤ ਕਰੇਗਾ ਜਿਸ ਤੇ ਨੋਟਿਸ ਸਾਰੇ ਸਬੰਧਤ ਵਿਅਕਤੀਆਂ ਨੂੰ ਠੀਕ ਤਰ੍ਹਾਂ ਦਿੱਤਾ ਗਿਆ ਸਮਝਿਆ ਜਾਵੇਗਾ।

ਅਣ-ਅਧਿਕਾਰਤ ਵਿਅਕਤੀਆਂ ਦੀ ਬੇਦਖ਼ਲੀ।

5. (1) ਜੇਕਰ, ਧਾਰਾ 4 ਦੇ ਅਧੀਨ ਨੋਟਿਸ ਦੇ ਅਨੁਸਰਣ ਵਿੱਚ ਕਿਸੇ ਵਿਅਕਤੀ ਦੁਆਰਾ ਦਰਸਾਏ ਗਏ ਕਾਰਨ, ਜੇ ਕੋਈ ਹੋਣ, ਅਤੇ ਉਸ ਦੇ ਸਮਰਥਨ ਵਿੱਚ ਪੇਸ਼ ਕੀਤੇ ਗਏ ਕਿਸੇ ਵੀ ਸਬੂਤ ਤੇ ਵਿਚਾਰ ਕਰਨ ਤੋਂ ਪਿੱਛੋਂ ਅਤੇ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਪਿੱਛੋਂ, ਕੁਲੈਕਟਰ ਸੰਤੁਸ਼ਟ ਹੋ ਜਾਂਦਾ ਹੈ ਕਿ ਧਾਰਮਿਕ ਸਥਾਨ ਅਣ-ਅਧਿਕਾਰਤ ਦਖ਼ਲ ਵਿੱਚ ਹਨ, ਤਾਂ ਕੁਲੈਕਟਰ ਉਸ ਵਿੱਚ ਦਰਜ ਕੀਤੇ ਜਾਣ ਵਾਲੇ ਕਾਰਨਾਂ ਕਰਕੇ ਇਹ ਨਿਰਦੇਸ਼ ਦਿੰਦੇ ਹੋਏ ਬੇਦਖਲੀ ਦਾ ਹੁਕਮ ਕਰ ਸਕੇਗਾ ਕਿ ਧਾਰਮਿਕ ਸਥਾਨ ਉਨ੍ਹਾਂ ਸਾਰੇ ਵਿਅਕਤੀਆਂ ਦੁਆਰਾ ਜੋ ਉਸ ਵਿੱਚ ਜਾਂ ਉਸ ਦੇ ਕਿਸੇ ਭਾਗ ਵਿੱਚ ਦਖ਼ਲ ਰੱਖਦੇ ਹਨ, ਅਜਿਹੀ ਤਰੀਕ ਨੂੰ ਖ਼ਾਲੀ ਕਰ ਦਿੱਤੇ ਜਾਣਗੇ ਜੋ ਧਾਰਾ 4 ਅਧੀਨ ਉਸ ਦੁਆਰਾ ਦਰਖ਼ਾਸਤ ਦੀ ਪ੍ਰਾਪਤੀ ਦੀ ਤਰੀਕ ਤੋਂ ਪੰਤਾਲੀ ਦਿਨਾਂ ਦੀ ਮੁੱਦਤ ਦੇ ਬਾਅਦ ਦੀ ਨਹੀਂ ਹੋਵੇਗੀ ਅਤੇ ਜੋ ਹੁਕਮ ਵਿੱਚ ਉਲਿਖਤ ਕੀਤੀ ਜਾਵੇ ਅਤੇ ਹੁਕਮ ਦੀ ਇੱਕ ਕਾਪੀ ਧਾਰਮਿਕ ਸਥਾਨ ਜਾਂ ਉਸ ਸੰਪਦਾ ਜਿੱਥੇ ਧਾਰਮਿਕ ਸਥਾਨ ਸਥਿਤ ਹਨ, ਦੇ ਬਾਹਰੀ ਦਰਵਾਜ਼ੇ ਜਾਂ ਕਿਸੇ ਹੋਰ ਨੁਮਾਇਆ ਸਥਾਨ ਤੇ ਚਿਪਕਾਉਣਾ ਕਾਰਤ ਕਰੇਗਾ।

(2) ਜੇ ਕੋਈ ਵਿਅਕਤੀ ਉਪ-ਧਾਰਾ (1) ਅਧੀਨ ਕੀਤੇ ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ ਬੇਦਖ਼ਲੀ ਦੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੰਦਾ ਹੈ ਜਾਂ ਅਸਫ਼ਲ ਰਹਿੰਦਾ ਹੈ, ਤਾਂ ਕੁਲੈਕਟਰ ਜਾਂ ਉਸ ਦੁਆਰਾ ਇਸ ਨਮਿੱਤ

ਠੀਕ ਤੌਰ ਤੇ ਅਧਿਕਾਰਤ ਕੋਈ ਹੋਰ ਅਧਿਕਾਰੀ ਉਸ ਵਿਅਕਤੀ ਨੂੰ ਧਾਰਮਿਕ ਸਥਾਨ ਵਿੱਚੋਂ ਬੇਦਖਲ ਕਰ ਸਕਦਾ ਹੈ ਅਤੇ ਧਾਰਮਿਕ ਸਥਾਨ ਦਾ ਕਬਜ਼ਾ ਸਬੰਧਤ ਸੰਸਥਾ ਦੇ ਹਵਾਲੇ ਕਰੇਗਾ ਅਤੇ ਉਹ ਇਸ ਪ੍ਰਯੋਜਨ ਲਈ ਅਜਿਹੇ ਬਲ ਦੀ ਵਰਤੋਂ ਕਰ ਸਕੇਗਾ ਜੋ ਜ਼ਰੂਰੀ ਹੋਵੇ।

ਧਾਰਮਿਕ ਸਥਾਨ ਦੇ ਬਾਰੇ ਨੁਕਸਾਨ ਨੂੰ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਣ ਦੀ ਸ਼ਕਤੀ।

6. (1) ਜਿੱਥੇ ਕਿਸੇ ਵਿਅਕਤੀ ਵੱਲ ਕਿਸੇ ਧਾਰਮਿਕ ਸਥਾਨ ਦੇ ਬਾਰੇ ਵਿੱਚ ਅਦਾਇਗੀਯੋਗ ਕਿਰਾਇਆ ਬਕਾਇਆ ਹੋਵੇ, ਤਾਂ ਕੁਲੈਕਟਰ, ਹੁਕਮ ਦੁਆਰਾ, ਉਸ ਵਿਅਕਤੀ ਤੋਂ ਅਜਿਹੇ ਸਮੇਂ ਅੰਦਰ ਅਤੇ ਅਜਿਹੀਆਂ ਕਿਸ਼ਤਾਂ ਵਿੱਚ ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਗਿਆ ਹੋਵੇ, ਉਹੀ ਕਿਰਾਇਆ ਅਦਾ ਕਰਨਾ ਲੋੜ ਸਕੇਗਾ।

(2) ਜਿੱਥੇ ਕੋਈ ਵਿਅਕਤੀ ਕਿਸੇ ਧਾਰਮਿਕ ਸਥਾਨ ਤੇ ਅਣਅਧਿਕਾਰਤ ਕਬਜ਼ੇ ਵਿੱਚ ਹੈ ਜਾਂ ਕਿਸੇ ਵੀ ਸਮੇਂ ਰਿਹਾ ਹੈ, ਤਾਂ ਕੁਲੈਕਟਰ ਹਰਜ਼ਾਨੇ ਦੇ ਨਿਰਧਾਰਣ ਦੇ ਵਾਜਬ ਸਿਧਾਂਤਾਂ ਨੂੰ ਧਿਆਨ ਵਿੱਚ ਰੱਖ ਕੇ ਅਜਿਹੇ ਧਾਰਮਿਕ ਸਥਾਨ ਦੀ ਵਰਤੋਂ ਅਤੇ ਕਬਜ਼ੇ ਕਾਰਨ ਹੋਏ ਹਰਜ਼ਾਨੇ ਦਾ ਨਿਰਧਾਰਣ ਕਰ ਸਕੇਗਾ ਅਤੇ ਹੁਕਮ ਦੁਆਰਾ, ਉਸ ਵਿਅਕਤੀ ਨੂੰ ਅਜਿਹੇ ਸਮੇਂ ਅੰਦਰ ਅਤੇ ਅਜਿਹੀਆਂ ਕਿਸ਼ਤਾਂ ਵਿੱਚ ਜਿਵੇਂ ਹੁਕਮ ਵਿੱਚ ਉਲਿਖਤ ਕੀਤਾ ਗਿਆ ਹੋਵੇ ਅਜਿਹਾ ਹਰਜ਼ਾਨਾ ਅਦਾ ਕਰਨਾ ਲੋੜ ਸਕੇਗਾ।

(3) ਉਪ-ਧਾਰਾ (1) ਜਾਂ ਉਪ-ਧਾਰਾ (2) ਅਧੀਨ ਕਿਸੇ ਵਿਅਕਤੀ ਦੇ ਵਿਰੁੱਧ ਕੋਈ ਵੀ ਹੁਕਮ ਉਦੋਂ ਤੱਕ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਵਿਅਕਤੀ ਨੂੰ ਲਿਖਤੀ ਰੂਪ ਵਿੱਚ ਨੋਟਿਸ ਜਾਰੀ ਕੀਤੇ ਜਾਣ ਪਿੱਛੋਂ ਉਸ ਨੂੰ ਨੋਟਿਸ ਵਿੱਚ ਉਲਿਖਤ ਅਜਿਹੇ ਸਮੇਂ ਦੇ ਅੰਦਰ ਇਹ ਕਾਰਨ ਦੱਸਣ ਲਈ ਨਾ ਕਿਹਾ ਗਿਆ ਹੋਵੇ ਕਿ ਅਜਿਹਾ ਹੁਕਮ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਜਦੋਂ ਤੱਕ ਉਸ ਦੇ ਇਤਰਾਜ਼ਾਂ, ਜੇਕਰ ਕੋਈ ਹੋਣ, ਅਤੇ ਕਿਸੇ ਵੀ ਸਬੂਤ ਤੇ ਜੋ ਉਹ ਉਨ੍ਹਾਂ ਦੇ ਸਮਰਥਨ ਵਿੱਚ ਪੇਸ਼ ਕਰੇ, ਕੁਲੈਕਟਰ ਦੁਆਰਾ ਵਿਚਾਰ ਨਾ ਕਰ ਲਿਆ ਗਿਆ ਹੋਵੇ।

ਕੁਲੈਕਟਰ ਦੀ ਸ਼ਕਤੀ।

7. ਕੁਲੈਕਟਰ ਕੋਲ ਇਸ ਐਕਟ ਅਧੀਨ ਕੋਈ ਜਾਂਚ ਕਰਨ ਦੇ ਪ੍ਰਯੋਜਨ ਲਈ ਉਹੀ ਸ਼ਕਤੀਆਂ ਹੋਣਗੀਆਂ ਜੋ, ਜ਼ਾਬਤਾ ਦੀਵਾਨੀ ਸੰਘਤਾ, 1908 ਅਧੀਨ ਹੇਠ-ਲਿਖਿਆਂ ਮਾਮਲਿਆਂ ਦੇ ਬਾਰੇ ਦਾਵਾ ਵਿਚਾਰਣ ਕਰਦੇ ਸਮੇਂ ਦੀਵਾਨੀ ਅਦਾਲਤ ਵਿੱਚ ਨਿਹਿਤ ਹੁੰਦੀਆਂ ਹਨ, ਅਰਥਾਤ:-

(ੳ) ਕਿਸੇ ਵਿਅਕਤੀ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ ਅਤੇ ਸਹੁੰ ਤੇ ਉਸ ਦੀ ਪਰਖ ਕਰਨਾ;

(ਅ) ਕਿਸੇ ਦਸਤਾਵੇਜ਼ਾਂ ਨੂੰ ਪ੍ਰਗਟ ਕਰਨਾ ਅਤੇ ਪੇਸ਼ ਕਰਨਾ ਲੋੜਨਾ;

(ੲ) ਕੋਈ ਹੋਰ ਮਾਮਲਾ ਜੋ ਉਹ ਜ਼ਰੂਰੀ ਸਮਝੇ।

ਅਪੀਲਾਂ।

8. (1) ਧਾਰਾ 5 ਜਾਂ ਧਾਰਾ 6 ਅਧੀਨ ਕਿਸੇ ਵੀ ਧਾਰਮਿਕ ਸਥਾਨ ਬਾਰੇ ਵਿੱਚ ਕੁਲੈਕਟਰ ਦੁਆਰਾ ਕੀਤੇ ਗਏ ਹਰੇਕ ਹੁਕਮ ਵਿਰੁੱਧ ਕਮਿਸ਼ਨਰ ਕੋਲ ਅਪੀਲ ਕੀਤੀ ਜਾ ਸਕੇਗੀ।

(2) ਉਪ-ਧਾਰਾ (1) ਅਧੀਨ-

(ੳ) ਧਾਰਾ 5 ਅਧੀਨ ਕਿਸੇ ਹੁਕਮ ਤੋਂ ਅਪੀਲ ਦੇ ਮਾਮਲੇ ਵਿੱਚ, ਹੁਕਮ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ, ਅਤੇ

(ਅ) ਧਾਰਾ 6 ਅਧੀਨ ਕਿਸੇ ਹੁਕਮ ਤੋਂ ਅਪੀਲ ਦੇ ਮਾਮਲੇ ਵਿੱਚ, ਹੁਕਮ ਅਪੀਲਕਰਤਾ ਨੂੰ ਸੰਸੂਚਿਤ ਕੀਤੇ ਜਾਣ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ,

ਅਪੀਲ ਦਾਇਰ ਕੀਤੀ ਜਾਵੇਗੀ:

ਪਰੰਤੂ ਕਮਿਸ਼ਨਰ ਉਕਤ ਤੀਹ ਦਿਨਾਂ ਦੀ ਮੁੱਦਤ ਦੇ ਗੁਜ਼ਰਨ ਪਿੱਛੋਂ ਵੀ ਅਪੀਲ ਗ੍ਰਹਿਣ ਕਰ ਸਕੇਗਾ ਜੇ ਉਹ ਸੰਤੁਸ਼ਟ ਹੋਵੇ ਕਿ ਅਪੀਲਕਾਰ ਨੂੰ ਸਮੇਂ ਸਿਰ ਅਪੀਲ ਦਾਇਰ ਕਰਨ ਤੋਂ ਕਾਫ਼ੀ ਕਾਰਨ ਕਰਕੇ ਰੋਕਿਆ ਗਿਆ ਸੀ।

(3) ਜਿੱਥੇ ਕੁਲੈਕਟਰ ਦੇ ਹੁਕਮ ਤੋਂ ਅਪੀਲ ਕੀਤੀ ਜਾਂਦੀ ਹੈ, ਕਮਿਸ਼ਨਰ ਉਸ ਹੁਕਮ ਦਾ ਨਾਫ਼ਜ਼ ਕੀਤਾ ਜਾਣਾ ਅਜਿਹੀ ਮੁੱਦਤ ਲਈ ਅਤੇ ਅਜਿਹੀਆਂ ਸ਼ਰਤਾਂ ਤੇ ਰੋਕ ਸਕੇਗਾ ਜਿਵੇਂ ਉਹ ਠੀਕ ਸਮਝੇ।

(4) ਕਮਿਸ਼ਨਰ ਦੁਆਰਾ ਇਸ ਧਾਰਾ ਅਧੀਨ ਹਰੇਕ ਅਪੀਲ ਦਾ ਨਿਪਟਾਰਾ ਜਿੰਨੀ ਸ਼ੀਘਰਤਾ ਨਾਲ ਸੰਭਵ ਹੋ ਸਕੇ, ਕੀਤਾ ਜਾਵੇਗਾ।

(5) ਇਸ ਧਾਰਾ ਅਧੀਨ ਕਿਸੇ ਵੀ ਅਪੀਲ ਦਾ ਖਰਚਾ ਕਮਿਸ਼ਨਰ ਦੇ ਵਿਵੇਕ ਤੇ ਹੋਵੇਗਾ।

ਹੁਕਮਾਂ ਦੀ ਅੰਤਮਤਾ।

9. ਕਮਿਸ਼ਨਰ ਦੁਆਰਾ ਕੀਤਾ ਗਿਆ ਹਰੇਕ ਹੁਕਮ ਅਤੇ ਕਮਿਸ਼ਨਰ ਦੇ ਹੁਕਮਾਂ ਦੇ ਤਾਬੇ, ਇਸ ਐਕਟ ਦੇ ਅਧੀਨ ਕੁਲੈਕਟਰ ਦੁਆਰਾ ਕੀਤਾ ਗਿਆ ਹੁਕਮ ਅੰਤਮ ਹੋਵੇਗਾ ਅਤੇ ਕਿਸੇ ਵੀ ਮੂਲ ਦਾਵੇ, ਦਰਖ਼ਾਸਤ ਜਾਂ ਇਜ਼ਰਾ ਕਾਰਵਾਈ ਵਿੱਚ ਉਜ਼ਰ ਨਹੀਂ ਕੀਤਾ ਜਾਵੇਗਾ ਅਤੇ ਇਸ ਐਕਟ ਦੁਆਰਾ ਜਾਂ ਦੇ ਅਧੀਨ ਪ੍ਰਦਾਨ ਕੀਤੀ ਕਿਸੇ ਸ਼ਕਤੀ ਦੇ ਅਨੁਸਰਣ ਵਿੱਚ ਕੀਤੀ ਜਾਂ ਕੀਤੀ ਜਾਣੀ ਕਾਰਵਾਈ ਦੇ ਬਾਰੇ ਕਿਸੇ ਅਦਾਲਤ ਜਾਂ ਹੋਰ ਅਥਾਰਟੀ ਦੁਆਰਾ ਕੋਈ ਮਨਾਹੀ ਹੁਕਮ ਜਾਰੀ ਨਹੀਂ ਕੀਤਾ ਜਾਵੇਗਾ।

ਵਾਰਸਾਂ ਅਤੇ ਕਾਨੂੰਨੀ ਪ੍ਰਤੀਨਿਧਾਂ ਦੀ ਦੇਣਦਾਰੀ।

10. (1) ਜਿੱਥੇ ਕੋਈ ਵਿਅਕਤੀ ਜਿਸ ਦੇ ਵਿਰੁੱਧ ਧਾਰਾ 6 ਅਧੀਨ ਕਿਰਾਏ ਦੇ ਬਕਾਏ ਦੇ ਨਿਰਧਾਰਣ ਲਈ ਜਾਂ ਹਰਜ਼ਾਨੇ ਦੇ ਨਿਰਧਾਰਣ ਲਈ ਕੋਈ ਕਾਰਵਾਈ ਕੀਤੀ ਜਾਣੀ ਹੈ ਜਾਂ ਕੀਤੀ ਗਈ ਹੈ, ਕਾਰਵਾਈ ਕੀਤੇ ਜਾਣ ਤੋਂ ਪਹਿਲਾਂ ਜਾਂ ਉਸ ਦੇ ਲੰਬਿਤ ਹੋਣ ਦੌਰਾਨ ਮਰ ਜਾਂਦਾ ਹੈ, ਉਸ ਵਿਅਕਤੀ ਦੇ ਵਾਰਸਾਂ ਜਾਂ ਕਾਨੂੰਨੀ ਪ੍ਰਤੀਨਿਧਾਂ, ਜਿਹੀ ਕਿ ਸੂਰਤ ਹੋਵੇ, ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਂ ਜਾਰੀ ਰੱਖੀ ਜਾ ਸਕੇਗੀ।

(2) ਕਿਸੇ ਵਿਅਕਤੀ ਤੋਂ ਧਾਰਮਿਕ ਸੰਸਥਾ ਨੂੰ ਦੇਣਯੋਗ ਕੋਈ ਵੀ ਰਕਮ ਭਾਵੇਂ ਇਹ ਕਿਰਾਏ ਦੇ ਬਕਾਏ ਜਾਂ ਹਰਜ਼ਾਨੇ ਜਾਂ ਖ਼ਰਚਿਆਂ ਦੇ ਤੌਰ ਤੇ ਹੋਵੇ, ਵਿਅਕਤੀ ਦੀ ਮੌਤ ਪਿੱਛੋਂ, ਉਸ ਦੇ ਵਾਰਸਾਂ ਜਾਂ ਕਾਨੂੰਨੀ ਪ੍ਰਤੀਨਿਧਾਂ ਦੁਆਰਾ

ਅਦਾਇਗੀਯੋਗ ਹੋਵੇਗੀ, ਪਰੰਤੂ ਉਨ੍ਹਾਂ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਹੱਥ ਵਿੱਚ ਮ੍ਰਿਤਕ ਦੇ ਧਨ-ਧਾਮਾਂ ਦੀ ਹੱਦ ਤੱਕ ਸੀਮਤ ਹੋਵੇਗੀ।

ਕਿਰਾਏ ਦੀ ਭੌਂ ਮਾਲੀਏ ਦੇ ਬਕਾਏ ਵਜੋਂ ਵਸੂਲੀ।

11. ਜੇਕਰ ਕੋਈ ਵਿਅਕਤੀ ਧਾਰਾ 6 ਦੀ ਉਪ-ਧਾਰਾ (1) ਅਧੀਨ ਅਦਾਇਗੀਯੋਗ ਕਿਰਾਏ ਦੇ ਬਕਾਏ ਜਾਂ ਉਸ ਧਾਰਾ ਦੀ ਉਪ-ਧਾਰਾ (2) ਅਧੀਨ ਅਦਾਇਗੀਯੋਗ ਹਰਜ਼ਾਨਾ ਜਾਂ ਧਾਰਾ 8 ਦੀ ਉਪ-ਧਾਰਾ (5) ਅਧੀਨ ਧਾਰਮਿਕ ਸੰਸਥਾ ਨੂੰ ਖਰਚੇ ਦੇਣ ਜਾਂ ਅਜਿਹੇ ਕਿਰਾਏ, ਹਰਜ਼ਾਨੇ ਜਾਂ ਖ਼ਰਚੇ ਦਾ ਕੋਈ ਭਾਗ, ਉਸ ਨਾਲ ਸਬੰਧਤ ਹੁਕਮ ਵਿੱਚ ਉਲਿਖਤ ਸਮੇਂ ਅੰਦਰ, ਜੇਕਰ ਕੋਈ ਹੋਵੇ, ਅਦਾ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਅਸਫ਼ਲ ਰਹਿੰਦਾ ਹੈ, ਤਾਂ ਕੁਲੈਕਟਰ ਰਕਮ ਦੀ ਵਸੂਲੀ ਭੌਂ ਮਾਲੀਏ ਦੇ ਬਕਾਏ ਵਜੋਂ ਕਰਨ ਲਈ ਕਾਰਵਾਈ ਕਰੇਗਾ।

ਅਧਿਕਾਰਤਾ ਤੇ ਰੋਕ।

12. ਕਿਸੇ ਵੀ ਅਦਾਲਤ ਕੋਲ ਕਿਸੇ ਵਿਅਕਤੀ ਦੀ ਬੇਦਖ਼ਲੀ ਜੋ ਕਿਸੇ ਧਾਰਮਿਕ ਸਥਾਨ ਤੇ ਅਣਅਧਿਕਾਰਤ ਕਬਜ਼ੇ ਵਿੱਚ ਹੈ ਜਾਂ ਧਾਰਾ 6 ਦੀ ਉਪ-ਧਾਰਾ (1) ਅਧੀਨ ਅਦਾਇਗੀਯੋਗ ਕਿਰਾਏ ਦੇ ਬਕਾਏ ਦੀ ਵਸੂਲੀ ਜਾਂ ਉਸ ਧਾਰਾ ਦੀ ਉਪ-ਧਾਰਾ (2) ਅਧੀਨ ਅਦਾਇਗੀਯੋਗ ਹਰਜ਼ਾਨੇ ਜਾਂ ਧਾਰਾ 8 ਦੀ ਉਪ-ਧਾਰਾ (5) ਅਧੀਨ ਧਾਰਮਿਕ ਸੰਸਥਾ ਨੂੰ ਦਿੱਤੇ ਖ਼ਰਚੇ ਜਾਂ ਅਜਿਹੇ ਕਿਰਾਏ, ਨੁਕਸਾਨ ਜਾਂ ਖ਼ਰਚਿਆਂ ਦੇ ਕਿਸੇ ਭਾਗ ਦੇ ਬਾਰੇ ਕੋਈ ਦਾਵਾ ਜਾਂ ਕਾਰਵਾਈ ਗ੍ਰਹਿਣ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ।

ਨੇਕ-ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ।

13. ਇਸ ਐਕਟ ਜਾਂ ਇਸ ਅਧੀਨ ਕੀਤੇ ਹੁਕਮਾਂ ਦੇ ਅਨੁਸਰਣ ਵਿੱਚ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਬਾਰੇ, ਕਮਿਸ਼ਨਰ, ਕੁਲੈਕਟਰ ਜਾਂ ਇਸ ਦੁਆਰਾ ਅਧਿਕਾਰਤ ਕਿਸੇ ਵਿਅਕਤੀ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਬੀ.ਬੀ.ਐਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ।

ਡਿਸਕਲੇਮਰ:- ਇਹ ਤਸਦੀਕ ਕੀਤਾ ਜਾਂਦਾ ਹੈ ਕਿ ਇਸ ਐਕਟ ਦਾ ਪੰਜਾਬੀ ਅਨੁਵਾਦ ਕੇਵਲ ਆਮ ਜਨਤਾ ਦੀ ਸੂਚਨਾ ਅਤੇ ਸੁਵਿਧਾ ਲਈ ਕੀਤਾ ਗਿਆ ਹੈ ਅਤੇ ਜੇਕਰ ਇਸ ਐਕਟ ਦੇ ਪੰਜਾਬੀ ਅਨੁਵਾਦ ਦੀ ਵਰਤੋਂ ਕਰਦੇ ਸਮੇਂ ਕੋਈ ਦੁਬਿਧਾ ਜਾਪਦੀ ਹੈ ਤਾਂ ਇਸ ਐਕਟ ਦੇ ਅੰਗਰੇਜ਼ੀ ਪਾਠ ਨੂੰ ਹੀ ਆਧਾਰ ਮੰਨਿਆ ਜਾਵੇ।

*3792/8-2026/Pb. Govt. Press, S.A.S. Nagar*